SEVEN OAKS
SCHOOL DIVISION
*community begins here*

**ਸੈਵਨ ਓਕਸ ਸਕੂਲ ਡਿਵੀਜ਼ਨ**
1985 Grassmere Road, West St. Paul, MB R4A 6A3
ਫ਼ੋਨ: 204-338-7051 ਫੈਕਸ: 204-334-6889
**ਟ੍ਰਾਂਸਪੋਰਟੇਸ਼ਨ ਡਿਪਾਰਟਮੈਂਟ**

ਪਿਆਰੇ ਮਾਤਾ-ਪਿਤਾ/ਸਰਪ੍ਰਸਤ:

ਤੁਹਾਡੇ ਪਹਿਲੀ ਵਾਰ ਬੱਸ ਵਿੱਚ ਜਾਣ ਵਾਲੇ ਵਿਦਿਆਰਥੀ ਦੀ ਸੁਰੱਖਿਆ ਲਈ, ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ, ਜਾਂ ਤੁਹਾਡੇ ਬੱਚੇ ਦੀ ਦੇਖਭਾਲ ਕਰਨ ਵਾਲਾ ਵਿਅਕਤੀ, ਤੁਹਾਡੇ ਬੱਚੇ ਦੇ ਨਾਲ ਆਪਣੇ ਪਿਕ-ਅਪ ਸਥਾਨ 'ਤੇ ਉਡੀਕ ਕਰੋਂ, ਅਤੇ ਸਕੂਲ ਤੋਂ ਬਾਅਦ ਡ੍ਰਾਪ-ਆਫ ਸਥਾਨ 'ਤੇ ਉਸ ਨੂੰ ਮਿਲੋਂ।

ਬੱਸਾਂ ਨੂੰ ਸਮੇਂ-ਸਿਰ ਚਲਦੇ ਰੱਖਣ ਲਈ, ਕਿਰਪਾ ਕਰਕੇ ਬੱਸਾਂ ਦੇ ਪਹੁੰਚਣ ਦੇ ਤੈਅ ਸਮੇਂ ਤੋਂ 5 ਮਿੰਟ ਪਹਿਲਾਂ ਆਪਣੇ ਬੱਚੇ ਨੂੰ ਸਕੂਲ ਲਈ ਤਿਆਰ ਕਰਕੇ ਉਹਨਾਂ ਲਈ ਮਨੋਨੀਤ ਪਿਕ ਅੱਪ ਟਿਕਾਣੇ 'ਤੇ ਖੜ੍ਹੇ ਹੋਵੋ। ਅਸੀਂ ਬੱਚਿਆਂ ਲਈ ਉਡੀਕ ਨਹੀਂ ਕਰ ਸਕਦੇ ਕਿਉਂਕਿ ਇਸ ਨਾਲ ਸਾਡੀ ਸਮਾਂ-ਸਾਰਣੀ 'ਤੇ ਅਸਰ ਪੈਂਦਾ ਹੈ ਜਿਸ ਨੂੰ ਅਸੀਂ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਾਂ।

- ਜੇ ਬੱਸ ਦੇ ਪਹੁੰਚਣ 'ਤੇ ਤੁਸੀਂ ਆਪਣੇ ਨਿਸ਼ਚਿਤ ਸਥਾਨ 'ਤੇ ਨਹੀਂ ਹੋ, ਤਾਂ ਬੱਸ ਅੱਗੇ ਚਲੀ ਜਾਵੇਗੀ। ਆਪਣੇ ਬੱਚੇ ਨੂੰ ਸਕੂਲ ਪਹੁੰਚਾਉਣਾ ਤੁਹਾਡੀ ਜ਼ਿੰਮੇਵਾਰੀ ਹੋਵੇਗੀ।

- ਜੇ ਸਕੂਲੋਂ ਛੁੱਟੀ ਹੋਣ ਦੇ ਬਾਅਦ ਬੱਸ ਦੇ ਪਹੁੰਚਣ 'ਤੇ ਤੁਸੀਂ ਆਪਣੇ ਨਿਸ਼ਚਿਤ ਸਟਾਪ 'ਤੇ ਨਹੀਂ ਹੋ, ਤਾਂ ਤੁਹਾਡੇ ਬੱਚੇ ਨੂੰ ਵਾਪਸ ਸਕੂਲ ਲਿਜਾਇਆ ਜਾਵੇਗਾ, ਅਤੇ ਉਸ ਨੂੰ ਘਰ ਲਿਜਾਉਣ ਲਈ ਤੁਸੀਂ ਜ਼ਿੰਮੇਵਾਰ ਹੋਵੋਗੇ।

ਬਦਕਿਸਮਤੀ ਨਾਲ, ਅਸੀਂ ਸਕੂਲ ਤੋਂ ਬਾਅਦ ਤੁਹਾਨੂੰ ਵਾਪਸੀ ਦਾ ਸਹੀ ਸਮਾਂ ਨਹੀਂ ਦੱਸ ਸਕਦੇ। ਟ੍ਰੈਫ਼ਿਕ, ਮੌਸਮ, ਸੜਕ ਬੰਦ ਹੋਣਾ ਜਾਂ ਬੱਸਾਂ ਨੂੰ ਸਕੂਲ ਵਿੱਚ ਰੋਕੇ ਜਾਣ, ਅਤੇ ਵਿਦਿਆਰਥੀਆਂ ਦੇ ਮਾਪਿਆਂ ਲਈ ਉਡੀਕ ਕਰਨ ਸਮੇਤ ਕਈ ਕਾਰਕ ਇਸ ਨੂੰ ਪ੍ਰਭਾਵਿਤ ਕਰ ਸਕਦੇ ਹਨ। ਪਹਿਲੇ ਹਫਤੇ ਦੇ ਬਾਅਦ, ਤੁਸੀਂ ਦੇਖੋਗੇ ਕਿ ਇੱਕ ਪੈਟਰਨ ਬਣ ਰਿਹਾ ਹੈ ਅਤੇ ਆਪਣੇ ਕਾਰਜਕ੍ਰਮ ਨੂੰ ਉਸੇ ਅਨੁਸਾਰ ਵਿਵਸਥਿਤ ਕਰ ਸਕੋਗੇ।

**ਜੇ ਕਿਸੇ ਵੀ ਕਾਰਨ ਕਰਕੇ ਤੁਹਾਡੇ ਬੱਚੇ ਨੂੰ ਸਕੂਲ ਲਈ ਪਿਕ ਕੀਤੇ ਜਾਣ ਜਾਂ ਸਕੂਲ ਤੋਂ ਬਾਅਦ ਵਾਪਸ ਛੱਡੇ ਜਾਣ ਦੀ ਲੋੜ ਨਹੀਂ ਹੈ, (ਡਾਕਟਰ ਦੀ ਅਪਾਇੰਟਮੈਂਟ, ਬਿਮਾਰੀ ਆਦਿ) ਤਾਂ ਕਿਰਪਾ ਕਰਕੇ ਟ੍ਰਾਂਸਪੋਰਟੇਸ਼ਨ ਡਿਪਾਰਟਮੈਂਟ ਨੂੰ 204-338-7051 'ਤੇ ਸੂਚਨਾ ਦੇ ਦਿਓ।**

ਅਸੀਂ ਉਮੀਦ ਕਰਦੇ ਹਾਂ ਕਿ ਇਸ ਜਾਣਕਾਰੀ ਦੇ ਨਾਲ, ਤੁਸੀਂ ਸਮਝੋਗੇ ਕਿ ਟ੍ਰਾਂਸਪੋਰਟੇਸ਼ਨ ਡਿਪਾਰਟਮੈਂਟ ਸਾਡੇ ਬੱਸ ਰਾਹੀਂ ਆਉਣ ਵਾਲੇ ਵਿਦਿਆਰਥੀਆਂ ਦੇ ਮਾਪਿਆਂ ਅਤੇ ਸਰਪ੍ਰਸਤਾਂ ਦੀ ਸਮੇਂ ਦੀ ਪਾਬੰਦੀ 'ਤੇ ਕਿੰਨਾ ਜ਼ਿਆਦਾ ਨਿਰਭਰ ਕਰਦਾ ਹੈ।

ਟ੍ਰਾਂਸਪੋਰਟੇਸ਼ਨ ਡਿਪਾਰਟਮੈਂਟ